# ਦਫ਼ਤਰ ਜਿਲ੍ਹਾ ਮੈਜਿਸਟਰੇਟ ,ਅੰਮ੍ਰਿਤਸਰ

## ਹੁਕਮ

ਅੰਮ੍ਰਿਤਸਰ ਜਿਲ੍ਹੇ ਵਿੱਚ ਪੈਂਦੀਆਂ ਸਾਰੀਆਂ ਸਬ ਡਵੀਜਨਾਂ/ਤਹਿਸੀਲਾਂ ਅਤੇ ਤਹਿਸੀਲਾਂ ਦੇ ਵਿੱਚ ਪੈਂਦੇਂ ਕਾਨੂੰਗੋ ਅਤੇ ਪਟਵਾਰੀਆਂ ਦੀ ਕੋਵਿਡ-19 ਮਹਾਂਮਾਰੀ ਦੇ ਕਾਰਨ ਲੱਗੇ ਹੋਏ ਕਰਫਿਊ ਵਿੱਚ ਉਨ੍ਹਾਂ ਨਾਲ ਸਬੰਧਤ ਸਰਕਲਾਂ ਵਿੱਚ ਹੇਠ ਲਿਖੇ ਕੰਮਾਂ ਲਈ ਡਿਊਟੀ ਲਗਾਈ ਜਾਂਦੀ ਹੈ।

1. ਸਾਰੇ ਕਾਨੂੰਗੋ ਆਪਣੇ ਪਟਵਾਰੀਆਂ ਰਾਂਹੀ ਇਸ ਗੱਲ ਨੂੰ ਯਕੀਨੀ ਬਨਾਉਣਗੇ ਕਿ ਉਨ੍ਹਾਂ ਦੇ ਸਬੰਧਤ ਸਰਕਲਾਂ ਵਿੱਚ ਆਮ ਲੋਕਾਂ ਨੂੰ ਕਿਸੇ ਤਰਾਂ ਦੀ ਪਰੇਸ਼ਾਨੀ ਦਾ ਸਾਹਮਣਾਂ ਤਾਂ ਨਹੀ ਕਰਨਾ ਪੈ ਰਿਹਾ ਹੈ।ਜੇਕਰ ਕੋਈ ਪਰੇਸ਼ਾਨੀ ਹੋਵੇ ਤਾਂ ਉਹ ਕਿਸ ਤਰਾਂ ਦੀ ਹੈ ਅਤੇ ਉਸ ਦਾ ਹੱਲ ਕਿਸ ਤਰਾਂ ਹੋ ਸਕਦਾ ਹੈ ਜੇਕਰ ਕਿਸੇ ਸਮੱਸਿਆ ਦਾ ਹੱਲ ਜਿਲ੍ਹਾ ਪੱਧਰ ਤੇ ਹੋਣਾ ਹੋਵੇ ਤਾਂ ਇਸ ਸਬੰਧੀ ਆਪਣੀ ਰਿਪੋਰਟ ਸਬੰਧਤ ਕਾਨੂੰਗੋ ਅਤੇ ਸੀ.ਆਰ.ਉ ਨੂੰ ਦੇਣਗੇ ਅਤੇ ਸਬੰਧਤ ਸੀ.ਆਰ.ਉ ਐਸ.ਡੀ.ਐਮ ਰਾਹੀਂ ਰਿਪੋਰਟ ਜਿਲ੍ਹਾ ਕੰਟਰੋਲ ਰੂਮ ਨੂੰ ਉਸੇ ਦਿਨ ਭੇਜਣਗੇ।
2. ਕੀ ਆਮ ਲੋਕਾਂ ਨੂੰ ਜਰੂਰੀ ਖਾਣ ਪੀਣ ਦੀਆਂ ਵਸਤਾਂ ਮਿਲ ਰਹੀਆਂ ਹਨ ਜਾਂ ਸਪਲਾਈ ਹੋ ਰਹੀਆਂ ਹਨ ਜਿਵੇ ਕਿ ਦੁੱਧ/ਸਬਜੀਆਂ/ਫਲਾਂ/ਰਾਸ਼ਨ ਅਤੇ ਦਵਾਈਆਂ ਆਦਿ ਦੀ ਸਪਲਾਈ ਮਿਲ ਰਹੀ ਹੈ।ਇਸ ਵਿੱਚ ਕੋਈ ਪਰੇਸ਼ਾਨੀ ਤਾਂ ਨਹੀ ਹੋ ਰਹੀ ਜਾਂ ਇਨ੍ਹਾ ਚੀਜਾਂ ਦੀ ਪਿੰਡਾਂ ਵਿੱਚ ਘਾਟ ਤੇ ਨਹੀ ਮਹਿਸੂਸ ਹੋ ਰਹੀ ਹੈ।ਇਸ ਬਾਰੇ ਆਪਣੇ ਐਸ.ਡੀ.ਐਮ ਜਾਂ ਤਹਿਸੀਲਦਾਰ ਨੂੰ ਰੋਜਾਨਾ ਜਾਣੂੰ ਕਰਵਾਇਆ ਜਾਵੇ।
3. ਜੇਕਰ ਕਿਸੇ ਪਿੰਡ ਵਿੱਚ ਕੋਈ ਗਰੀਬ ਵਿਅਕਤੀ ਹਨ ਜੋ ਕਿ ਆਪਣੀ ਰੋਟੀ ਦਾ ਇੰਤਜਾਮ ਨਹੀ ਕਰ ਸਕਦੇ ਤਾਂ ਉਨ੍ਹਾ ਲਈ ਪਿੰਡ ਪੱਧਰ ਤੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਵਿਅਕਤੀ ਭੁੱਖਾ ਨਾ ਰਹੇ ਉਸ ਲਈ ਸਬੰਧਤ ਐਸ.ਡੀ.ਐਮ/ਤਹਿਸੀਲਦਾਰ ਲੰਗਰ ਪਾਣੀ ਦਾ ਇੰਤਜਾਮ ਕਰਨ ਦਾ ਪ੍ਰਬੰਧ ਕਰਨਗੇ।
4. ਜੇਕਰ ਕਿਸੇ ਪਿੰਡ ਵਿੱਚ ਪਸ਼ੂਆਂ ਦੇ ਚਾਰੇ ਦੀ ਮੁਸ਼ਕਿਲ ਜਾਂ ਪਸ਼ੂਆਂ ਨੂੰ ਕਿਸੇ ਤਰਾਂ ਦੀ ਕੋਈ ਬੀਮਾਰੀ ਤਾਂ ਨਹੀ ਹੈ, ਇਸ ਸਬੰਧੀ ਪਿੰਡ ਪੱਧਰ ਦੇ ਵੈਟਨਰੀ ਡਾਕਟਰ ਜਾਂ ਤਹਿਸੀਲ ਪੱਧਰ ਦੇ ਵੈਟਨਰੀ ਅਫਸਰ ਦੇ ਧਿਆਨ ਵਿੱਚ ਲਿਆਂਦਾ ਜਾਵੇ ਜਾਂ ਜਿਲ੍ਹਾ ਪੱਧਰ ਤੇ ਡਿਪਟੀ ਡਾਇਰੈਕਟਰ ਐਨੀਮਲ ਹਸਬੈਂਡਰੀ ਅੰਮ੍ਰਿਤਸਰ ਨਾਲ ਸੰਪਰਕ ਕੀਤਾ ਜਾਵੇ।**ਜੇਕਰ ਕਿਸੇ ਪਿੰਡ ਵਿੱਚ ਗਊਸ਼ਾਲਾ ਹੋਵੇ ਤਾਂ ਉਸ ਲਈ ਵੀ ਹਰ ਤਰਾਂ ਦੀ ਸਹੂਲਤ ਦਾ ਖਾਸ ਧਿਆਨ ਰੱਖਿਆ ਜਾਵੇ।**
5. ਸਾਰੇ ਪਟਵਾਰੀ ਇਸ ਗੱਲ ਨੂੰ ਯਕੀਨੀ ਬਨਾਉਣਗੇ ਕਿ ਆਪਣੇ-ਆਪਣੇ ਸਰਕਲ ਦੇ ਸਾਰੇ ਪਿੰਡਾਂ ਵਿੱਚ ਆਪਣੇ ਨੰਬਰਦਾਰਾਂ/ਪੰਚਾਂ/ਸਰਪੰਚਾਂ/ GOG ਹੋਰ ਮੋਹਤਬਾਰ ਵਿਅਕਤੀਆਂ ਅਤੇ ਪਿੰਡਾਂ ਵਿੱਚ ਜੇਕਰ ਐਨ.ਜੀ.ਉ ਹੋਣ ਜਾਂ ਯੂਥ ਕਲੱਬ ਵਗੈਰਾ ਹੋਣ ਨਾਲ ਤਾਲਮੇਲ ਰੱਖਿਆ ਜਾਵੇ ਅਤੇ ਸਮੇਂ ਸਮੇਂ ਸਿਰ ਇਨ੍ਹਾ ਪਾਸੋਂ ਰਿਪੋਰਟਾਂ ਵੀ ਲਈਆ ਜਾਣ ਤਾਂ ਕਿ ਪਿੰਡਾਂ ਵਿੱਚ ਕੀ ਚੱਲ ਰਿਹਾ ਹੈ ਕੀ ਹੋ ਰਿਹਾ ਹੈ ਪਤਾ ਲੱਗ ਸਕੇ ਕਿ ਕੋਈ ਵਿਅਕਤੀ ਕਰਫਿਊ ਦੀ ਉਲੰਘਣਾਂ ਤਾਂ ਨਹੀ ਕਰ ਰਿਹਾ ਹੈ ਜਾਂ ਆਮ ਦੀ ਤਰਾਂ ਇਕੱਠੇ ਤਾਂ ਨਹੀ ਹੋ ਰਹੇ ਹਨ।ਇਸ ਸਬੰਧੀ ਕਿਸੇ ਵੀ ਤਰਾਂ ਦੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਉਕਤ ਨਾਲ ਹਰ ਵੇਲੇ ਤਾਲਮੇਲ ਰੱਖਿਆ ਜਾਵੇ ਅਤੇ ਇਨ੍ਹਾ ਦੇ ਕੰਟੈਕਟ ਨੰਬਰ ਆਪਣੇ ਕੋਲ ਨੋਟ ਕਰਕੇ ਰੱਖੇ ਜਾਣ ਤਾਂ ਜੋ ਲੋੜ ਪੈਣ ਤੇ ਇੰਨ੍ਹਾ ਨਾਲ ਸੰਪਰਕ ਕੀਤਾ ਜਾ ਸਕੇ।ਇਸ ਦੀ ਸੂਚਨਾ ਰੋਜਾਨਾਂ ਜਿਲ੍ਹਾ ਪੱਧਰ ਤੇ ਭੇਜਣੀ ਯਕੀਨੀ ਬਣਾਈ ਜਾਵੇ।

ਇਸ ਡਿਊਟੀ ਵਿੱਚ ਕਿਸੇ ਤਰਾਂ ਦੀ ਕੋਤਾਹੀ ਨਾਂ ਕੀਤੀ ਜਾਵੇ ਜੇਕਰ ਕਿਸੇ ਕਰਮਚਾਰੀ ਵੱਲੋਂ ਕਿਸੇ ਤਰਾਂ ਦੀ ਕੋਤਾਹੀ ਕੀਤੀ ਗਈ ਤਾਂ ਉਸ ਦੇ ਵਿਰੁੱਧ ਨਿਯਮਾਂ ਅਨੁਸਾਰ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।

ਮਿਤੀ:- 27-03-2020

O/C
ਵਧੀਕ ਜਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

ਪਿੰਠ ਅੰਕਣ ਨੰਬਰ/ COVID-19/155

ਮਿਤੀ:- 27-03-2020

ਇਸ ਦਾ ਇੱਕ ਉਤਾਰਾ ਹੇਠ ਲਿਖੇ ਅਨੁਸਾਰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਉਪ ਮੰਡਲ ਮੈਜਿਸਟਰੇਟ ਜਿਲ੍ਹਾ ਅੰਮ੍ਰਿਤਸਰ।
2. ਜਿਲ੍ਹਾ ਮਾਲ ਅਫਸਰ ਅੰਮ੍ਰਿਤਸਰ।
3. ਸਮੂਹ ਤਹਿਸੀਲਦਾਰ/ਨਾਇਬ ਤਹਿਸੀਲਦਾਰ ਜਿਲ੍ਹਾ ਅੰਮ੍ਰਿਤਸਰ।
4. ਪੀ.ਏ ਟੂ ਡਿਪਟੀ ਕਮਿਸ਼ਨਰ ਅੰਮ੍ਰਿਤਸਰ।
5. ਸਦਰ ਕਾਨੂੰਗੋ ਸ਼ਾਖਾ ਅੰਮ੍ਰਿਤਸਰ।

O/C
ਵਧੀਕ ਜਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

Scanned by CamScanner